# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

## ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 15:-ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਸ਼ਿਵਰਾਜ਼ ਪਾਟਿਲ ਨੇ ਅੱਜ ਯੂਟੀ ਸੈਕਟਰੀਏਟ ਵਿਚ ਆਯੋਜਤ ਜਨ ਸੁਣਵਾਈ ਸਤਰ ਦੀ ਪ੍ਰਧਾਨਗੀ ਕੀਤੀ। ਸੁਣਵਾਈ ਸਤਰ ਦੇ ਦੌਰਾਨ ਕੁਲ 28 ਮਾਮਲੇ ਆਏ ਜਿਸ ਵਿਚ ਜਿਆਦਾਤਰ ਘਰਾਂ ਅਤੇ ਬੂਥਾਂ ਦੀ ਅਲਾਟਮੈਂਟ, ਅਨੁਕੰਪਾ ਆਧਾਰ ਤੇ ਨੌਕਰੀ, ਐਨਟੀਟੀ ਅਧਿਆਪਕਾਂ ਨੂੰ ਪੁਨਰ-ਰੁਜ਼ਗਾਰ ਅਤੇ ਕਾਰਪੋਰੇਸ਼ਨ ਕਰਮਚਾਰੀ ਦੇ ਖਿਲਾਫ ਸ਼ਿਕਾਇਤ ਨਾਲ ਸੰਬੰਧਿਤ ਸਨ। ਪ੍ਰਸ਼ਾਸਕ ਨੇ ਭਿੰਨ ਭਿੰਨ ਪ੍ਰਤੀਨਿਧੀ ਮੰਡਲਾਂ ਅਤੇ ਵਿਅਕਤੀਆਂ ਦੀਆਂ ਸ਼ਿਕਾਇਤਾਂ ਨੂੰ ਧਿਆਨ ਨਾਲ ਸੁਣਿਆ। ਅਨੇਕ ਸ਼ਿਕਾਇਤਾਂ ਦਾ ਮੌਕੇ ਤੇ ਹੀ ਹੱਲ ਕੀਤਾ ਗਿਆ ਅਤੇ ਅਜਿਹੀਆਂ ਸ਼ਿਕਾਇਤਾਂ ਜਿਹਨਾਂ ਵਿਚ ਜਾਂਚ ਦੀ ਜਰੂਰਤ ਸੀ ਉਹਨਾਂ ਦੇ ਸੰਬੰਧ ਵਿਚ ਸੀਨੀਅਰ ਅਧਿਕਾਰੀਆਂ ਨੂੰ ਕਾਨੂੰਨ ਦੇ ਤਹਿਤ ਤੁਰੰਤ ਕਾਰਵਾਈ ਕਰਨ ਦਾ ਨਿਰਦੇਸ਼ ਦਿੱਤਾ ਗਿਆ ਤਾਂ ਕਿ ਬੇਨਤੀ ਕਰਤਾ ਨੂੰ ਨਿਯਤ ਸਮੇਂ ਤੇ ਨਿਆ ਮਿਲ ਸਕੇ।

ਸ਼੍ਰੀ ਪਾਟਿਲ ਨੇ ਕਿਹਾ ਕਿ ਜਿਆਦਾਤਰ ਸਮੱਸਿਆਵਾਂ ਘਰ ਅਤੇ ਬੂਥਾਂ ਦੀ ਅਲਾਟਮੈਂਟ ਅਤੇ ਅਨੁਕੰਪਾ ਅਧਾਰ ਤੇ ਨੌਕਰੀ ਦੀ ਪ੍ਰਾਰਥਨਾ ਕਰਦੇ ਪਰਿਵਾਰ ਦੇ ਮੈਂਬਰਾਂ ਨਾਲ ਸੰਬੰਧਿਤ ਹਨ। ਉਹਨਾਂ ਨੇ ਸੀਨੀਅਰ ਅਧਿਕਾਰੀਆਂ ਨੂੰ ਸਧਾਰਨ ਮੁੱਦਿਆਂ ਨੂੰ ਉਹਨਾਂ ਦੇ ਪੱਧਰ ਤੇ ਹੀ ਨਿਪਟਾਉਣ

ਦਾ ਨਿਰਦੇਸ਼ ਦਿੱਤਾ ਅਤੇ ਨਾਲ ਹੀ ਆਵੇਦਕਾਂ ਦੇ ਪ੍ਰਤੀ ਹਮਦਰਦੀ ਨਾਲ ਭਰਿਆ ਦ੍ਰਿਸ਼ਟੀਕੋਣ ਵਰਤਣ ਦੀ ਵਕਾਲਤ ਕੀਤੀ।

ਚੰਡੀਗੜ੍ਹ ਹਾਊਸਿੰਗ ਬੋਰਡ ਦੁਆਰਾ ਜਮ੍ਹਾ ਧੰਨ ਦੀ ਵਾਪਸੀ ਨਾਲ ਸੰਬੰਧਿਤ ਮੰਗ ਤੇ ਪ੍ਰਤੀਕਿਰਿਆ ਕਰਦੇ ਹੋਏ ਸ਼੍ਰੀ ਪਾਟਿਲ ਨੇ ਕਿਹਾ ਕਿ ਸੀਐਚਵੀ ਅਤੇ ਇਸ ਦੇ ਸਾਂਝੇਦਾਰਾਂ ਦੇ ਵਿਚਕਾਰ ਕਿਸੇ ਵੀ ਭੇਦਭਾਵ ਦਾ ਅਸਰ ਪਰਿਯੋਜਨਾ ਦੇ ਲਾਭਪਾਤਰਾਂ ਤੇ ਨਹੀਂ ਹੋਣਾ ਚਾਹੀਦਾ।

ਚੰਡੀਗੜ੍ਹ ਸਫਾਈ ਕਰਮਚਾਰੀ ਯੂਨੀਅਨ ਨਾਲ ਸੰਬੰਧਿਤ ਮੁੱਦੇ ਤੇ ਪ੍ਰਸ਼ਾਸਕ ਨੇ ਨਗਰ ਨਿਗਮ ਕਮਿਸ਼ਨਰ ਨੂੰ ਕਾਨੂੰਨ ਦੇ ਦਾਇਰੇ ਵਿਚ ਮਾਮਲੇ ਦੀ ਜਾਂਚ ਕਰਨ ਦੇ ਲਈ ਕਿਹਾ। ਸੀਨੀਅਰ ਨਾਗਰਿਕ ਦੁਆਰਾ ਆਪਣੇ ਹੀ ਬੇਟੇ ਦੇ ਖਿਲਾਫ ਕੀਤੀ ਗਈ ਸ਼ਿਕਾਇਤ ਤੇ ਸ਼੍ਰੀ ਪਾਟਿਲ ਨੇ ਆਈਜੀ ਪੁਲਿਸ ਨੂੰ ਜਰੂਰੀ ਕਾਰਵਾਈ ਕਰਨ ਅਤੇ ਪੂਰਨ ਨਿਆ ਦਾ ਵਿਸ਼ਵਾਸ਼ ਦਿਵਾਉਣ ਲਈ ਕਿਹਾ।

ਜਨ-ਸੁਣਵਾਈ ਸਤਰ ਦੇ ਦੌਰਾਨ ਯੂਟੀ ਪ੍ਰਸ਼ਾਸਕ ਦੇ ਸਲਾਹਕਾਰ ਸ਼੍ਰੀ ਪ੍ਰਦੀਪ ਮਹਿਰਾ, ਰਾਜਪਾਲ ਦੇ ਸਕੱਤਰ ਸ਼੍ਰੀ ਐਮ.ਪੀ. ਸਿੰਘ, ਵਿੱਤ ਸਕੱਤਰ ਸ਼੍ਰੀ ਸੰਜੇ ਕੁਮਾਰ, ਨਗਰ ਨਿਗਮ ਕਮਿਸ਼ਨਰ ਡਾ. ਰੋਸ਼ਨ ਸੰਕਾਰੀਆ, ਚੰਡੀਗੜ੍ਹ ਹਾਊਸਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਮੋਹਨਜੀਤ ਸਿੰਘ, ਆਈਜੀ ਪੁਲਿਸ ਸ਼੍ਰੀ ਪ੍ਰਦੀਪ ਸ਼੍ਰੀਵਾਸਤਵ ਅਤੇ ਏਡੀਸੀ ਕੈਪਟਨ ਪੀ.ਐਸ. ਸ਼ੇਰਗਿੱਲ ਮੌਜੂਦ ਸਨ।